# ਘਰ ਵਿੱਚ ਲੈੱਡ ਪੇਂਟ ਦੇ ਖ਼ਤਰੇ

## ਕਿਰਾਏਦਾਰਾਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ

**ਲੈੱਡ** ਇੱਕ ਜ਼ਹਿਰ ਹੈ ਜੋ ਅਕਸਰ ਪੁਰਾਣੇ ਪੇਂਟ ਵਿੱਚ ਪਾਇਆ ਜਾਂਦਾ ਹੈ। ਲੈੱਡ ਵਾਲਾ ਪੇਂਟ, ਅਤੇ ਧੂੜ ਜਿਸ ਵਿੱਚ ਕਿ ਇਹ ਬਦਲ ਜਾਂਦਾ ਹੈ, ਬਚਪਨ ਵਿੱਚ ਸਿੱਕੇ ਦੇ ਜ਼ਹਿਰੀਲੇਪਣ ਦਾ ਸਭ ਤੋਂ ਆਮ ਤੌਰ 'ਤੇ ਪਛਾਣਿਆ ਜਾਂਦਾ ਸਰੋਤ ਹੈ। ਲੈੱਡ ਦੇ ਜ਼ਹਿਰ ਕਰਕੇ ਬੱਚੇ ਦੇ ਸਿੱਖਣ ਵਿੱਚ ਅਤੇ ਸੁਭਾਅ ਵਿੱਚ ਸਮੱਸਿਆ ਪੈਦਾ ਹੋ ਸਕਦੀ ਹੈ। 1960 ਵਿੱਚ ਨਿਊਯਾਰਕ ਸ਼ਹਿਰ (New York City, NYC) ਵਿੱਚ ਰਿਹਾਇਸ਼ੀ ਇਮਾਰਤਾਂ ਵਿੱਚ ਲੈੱਡ ਵਾਲੇ ਪੇਂਟ ਦੀ ਵਰਤੋਂ ਕਰਨ ਉੱਤੇ ਪਾਬੰਦੀ ਲਗਾ ਦਿੱਤੀ ਗਈ ਸੀ। 1960 ਤੋਂ ਪਹਿਲਾਂ ਬਣੀਆਂ ਇਮਾਰਤਾਂ ਦੀਆਂ ਕੰਧਾਂ, ਖਿੜਕੀਆਂ, ਖਿੜਕੀਆਂ ਦੀਆਂ ਚੁਗਾਠਾਂ, ਦਰਵਾਜ਼ਿਆਂ ਅਤੇ ਹੋਰ ਸਤ੍ਹਾਂ 'ਤੇ ਹਾਲੇ ਵੀ ਲੈੱਡ ਪੇਂਟ ਹੋ ਸਕਦਾ ਹੈ। ਜੇਕਰ ਪੇਂਟ ਝੜਨਾ ਸ਼ੁਰੂ ਹੋ ਜਾਂਦਾ ਹੈ ਜਾਂ ਘਰ ਦੀਆਂ ਮੁਰੰਮਤਾਂ ਅਸੁਰੱਖਿਅਤ ਤਰੀਕੇ ਨਾਲ ਕੀਤੀਆਂ ਜਾਂਦੀਆਂ ਹਨ, ਤਾਂ ਲੈੱਡ ਵਾਲਾ ਪੇਂਟ ਅਤੇ ਧੂੜ ਤੁਹਾਡੇ ਘਰ ਵਿੱਚ ਫੈਲ ਸਕਦੇ ਹਨ। ਜਦੋਂ ਬੱਚੇ ਆਪਣੇ ਹੱਥ ਅਤੇ ਖਿਡੌਣੇ ਆਪਣੇ ਮੂੰਹ ਵਿੱਚ ਪਾਉਂਦੇ ਹਨ, ਤਾਂ ਉਹ ਲੈੱਡ ਧੂੜ ਨੂੰ ਨਿਗਲ ਸਕਦੇ ਹਨ।

ਬੱਚਿਆਂ ਨੂੰ ਲੈੱਡ ਦੇ ਜ਼ਹਿਰ ਤੋਂ ਬਚਾਉਣ ਵਿੱਚ ਮਦਦ ਲਈ NYC ਵਿੱਚ ਕਾਨੂੰਨ ਅਤੇ ਸੇਵਾਵਾਂ ਮੌਜੂਦ ਹਨ। ਮਕਾਨ ਮਾਲਕਾਂ ਲਈ ਅਪਾਰਟਮੈਂਟਾਂ ਵਿੱਚ ਲੈੱਡ ਪੇਂਟ ਦੇ ਖਤਰਿਆਂ ਨੂੰ ਪਛਾਣਨਾ ਅਤੇ ਉਹਨਾਂ ਨੂੰ ਠੀਕ ਕਰਵਾਉਣਾ ਲਾਜ਼ਮੀ ਹੈ ਜਿੱਥੇ 5 ਸਾਲ ਜਾਂ ਇਸ ਤੋਂ ਛੋਟੇ ਬੱਚੇ ਰਹਿੰਦੇ ਹਨ ਜਾਂ ਹਰ ਹਫ਼ਤੇ 10 ਜਾਂ ਵਧੇਰੇ ਘੰਟੇ ਬਤੀਤ ਕਰਦੇ ਹਨ। ਇਹ ਕਾਨੂੰਨ ਲਾਗੂ ਹੁੰਦਾ ਹੈ ਜੇ ਇਮਾਰਤ ਵਿੱਚ ਤਿੰਨ ਜਾਂ ਜ਼ਿਆਦਾ ਅਪਾਰਟਮੈਂਟ ਹਨ ਅਤੇ ਇਹ 1960 (ਜਾਂ 1960 ਅਤੇ 1978 ਦੇ ਵਿਚਕਾਰ ਜੇ ਮਕਾਨ-ਮਾਲਕ ਜਾਣਦਾ ਹੈ ਕਿ ਇਮਾਰਤ 'ਤੇ ਲੈੱਡ ਵਾਲਾ ਪੇਂਟ ਹੋਇਆ ਹੈ) ਤੋਂ ਪਹਿਲਾਂ ਬਣੀ ਸੀ।

## ਕਿਰਾਏਦਾਰਾਂ ਲਈ ਉਹਨਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਜਾਣਨਾ ਮਹੱਤਵਪੂਰਨ ਹੈ।

### ਮਕਾਨ-ਮਾਲਕਾਂ ਲਈ ਜ਼ਰੂਰੀ ਹੈ ਕਿ ਉਹ:

- ਇਹ ਪਤਾ ਲਗਾਉਣ ਕਿ ਕੀ ਕੋਈ 5 ਸਾਲ ਜਾਂ ਇਸ ਤੋਂ ਘੱਟ ਉਮਰ ਦਾ ਬੱਚਾ ਇਮਾਰਤ ਵਿੱਚ ਰਹਿੰਦਾ ਹੈ ਜਾਂ ਨਿਯਮਿਤ ਤੌਰ 'ਤੇ ਹਰ ਹਫ਼ਤੇ 10 ਜਾਂ ਵਧੇਰੇ ਘੰਟੇ ਇਮਾਰਤ ਵਿੱਚ ਬਿਤਾਉਂਦਾ ਹੈ ਅਤੇ ਉਹਨਾਂ ਅਪਾਰਟਮੈਂਟਾਂ ਦਾ ਹਰ ਸਾਲ ਲੈੱਡ ਪੇਂਟ ਦੇ ਖਤਰਿਆਂ ਲਈ ਮੁਆਇਨਾ ਕਰੋ।
- ਕਿਸੇ ਕਿਰਾਏਦਾਰ ਦੇ ਰਹਿਣ ਲਈ ਆਉਣ ਤੋਂ ਪਹਿਲਾਂ, ਇੱਕ- ਅਤੇ ਦੋ-ਪਰਿਵਾਰ ਵਾਲੇ ਘਰਾਂ ਸਮੇਤ, ਸਾਰੇ ਕਿਰਾਏ ਵਾਲੀਆਂ ਇਕਾਈਆਂ ਵਿੱਚ ਲੈੱਡ ਪੇਂਟ ਦੇ ਖਤਰਿਆਂ ਦੀ ਮੁਰੰਮਤ ਕਰੋ।
- ਲੈੱਡ ਪੇਂਟ ਦੇ ਖਤਰਿਆਂ ਨੂੰ ਠੀਕ ਕਰਨ ਅਤੇ ਲੈੱਡ ਪੇਂਟ ਨੂੰ ਛੇੜਨ ਵਾਲੀ ਆਮ ਮੁਰੰਮਤ ਦਾ ਕੰਮ ਕਰਨ ਵੇਲੇ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਅਤੇ ਸਿਖਲਾਈ ਪ੍ਰਾਪਤ ਕਰਮਚਾਰੀਆਂ ਦੀ ਵਰਤੋਂ ਕਰੋ।
- 100 ਵਰਗ ਫੁੱਟ ਤੋਂ ਵੱਧ ਦੇ ਲੈੱਡ ਪੇਂਟ ਨੂੰ ਛੇੜਨ, ਖਿੜਕੀਆਂ ਬਦਲਣ ਜਾਂ NYC ਹਾਊਜ਼ਿੰਗ ਪ੍ਰਿਜ਼ਰਵੇਸ਼ਨ ਐਂਡ ਡਿਵੈਲਪਮੈਂਟ ਵਿਭਾਗ (Department of Housing Preservation and Development) ਦੁਆਰਾ ਜਾਰੀ ਉਲੰਘਣਾਵਾਂ ਨੂੰ ਠੀਕ ਕਰਨ ਲਈ ਯੂਨਾਈਟਿਡ ਸਟੇਟਸ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ (United States Environmental Protection Agency) ਦੁਆਰਾ ਪ੍ਰਮਾਣਿਤ ਫਰਮਾਂ ਦੀ ਵਰਤੋਂ ਕਰੋ।

### ਕਿਰਾਏਦਾਰਾਂ ਲਈ ਇਹ ਕੰਮ ਕਰਨੇ ਲਾਜ਼ਮੀ ਹਨ:

- ਉਹਨਾਂ ਦੇ ਮਕਾਨ ਮਾਲਕ ਤੋਂ ਪ੍ਰਾਪਤ ਹੋਏ ਸਾਲਾਨਾ ਨੋਟਿਸ ਨੂੰ ਭਰ ਕੇ ਵਾਪਸ ਕਰਨਾ। ਇਹ ਫਾਰਮ ਮਕਾਨ ਮਾਲਕ ਨੂੰ ਦੱਸਦਾ ਹੈ ਕਿ ਕੀ ਅਪਾਰਟਮੈਂਟ ਵਿੱਚ ਕੋਈ ਬੱਚੇ ਰਹਿੰਦੇ ਹਨ ਜਾਂ ਨਿਯਮਿਤ ਤੌਰ 'ਤੇ ਸਮਾਂ ਬਿਤਾਉਂਦੇ ਹਨ।
- ਜੇ ਉਹਨਾਂ ਦਾ ਬੱਚਾ ਹੈ ਜਾਂ ਜੇ ਕੋਈ 5 ਸਾਲ ਜਾਂ ਇਸਤੋਂ ਛੋਟਾ ਬੱਚਾ ਰਹਿਣ ਲਈ ਆਉਂਦਾ ਹੈ ਜਾਂ ਹਰ ਹਫ਼ਤੇ 10 ਜਾਂ ਵਧੇਰੇ ਘੰਟੇ ਅਪਾਰਟਮੈਂਟ ਵਿੱਚ ਬਤੀਤ ਕਰਨਾ ਸ਼ੁਰੂ ਕਰਦਾ ਹੈ ਤਾਂ ਮਕਾਨ-ਮਾਲਕ ਨੂੰ ਲਿਖਤੀ ਤੌਰ 'ਤੇ ਸੂਚਿਤ ਕਰਨਾ।

## ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਵਿੱਚ ਸ਼ਾਮਲ ਹਨ:

- ਕਾਰਜ ਖੇਤਰ ਦੇ ਬਾਹਰ ਚੇਤਾਵਨੀ ਸੰਕੇਤ ਚਿਪਕਾਉਣਾ।
- ਸਾਰਾ ਫਰਨੀਚਰ ਹਿਲਾਉਣਾ ਜਾਂ ਢੱਕਣਾ ਅਤੇ ਫਰਸ਼, ਦਰਵਾਜ਼ੇ ਅਤੇ ਹੋਰ ਖੁੱਲੀਆਂ ਚੀਜ਼ਾਂ ਨੂੰ ਪਲਾਸਟਿਕ ਅਤੇ ਪਾਣੀ-ਰੋਧੀ ਟੇਪ ਨਾਲ ਬੰਦ ਕਰਨਾ।
- ਰੋਜ਼ ਕਾਰਜ ਖੇਤਰ ਨੂੰ ਗਿੱਲੇ ਪੋਚੇ ਨਾਲ ਜਾਂ HEPA ਵੈਕਿਊਮ ਨਾਲ ਸਾਫ਼ ਕਰਨਾ ਅਤੇ ਕੰਮ ਪੂਰਾ ਹੋ ਜਾਣ ਤੋਂ ਬਾਅਦ ਗਿੱਲੇ ਪੋਚੇ ਅਤੇ HEPA ਵੈਕਿਊਮ ਦੋਹਾਂ ਨਾਲ ਸਾਫ਼ ਕਰਨਾ।
- ਕੰਮ ਦੇ ਮੁਕੰਮਲ ਹੋਣ ਤੋਂ ਬਾਅਦ ਕਿਸੇ ਸਿਖਲਾਈ ਪ੍ਰਾਪਤ ਵਿਅਕਤੀ ਤੋਂ ਧੂੜ ਸਾਫ਼ ਕਰਵਾਉਣ ਲਈ ਪੋਚਾ ਲਗਵਾਉਣਾ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਲੈੱਡ ਧੂੜ ਦੇ ਪੱਧਰ ਸੁਰੱਖਿਅਤ ਹਨ, ਅਤੇ ਨਤੀਜਿਆਂ ਦੀ ਇੱਕ ਕਾਪੀ ਕਿਰਾਏਦਾਰ ਨੂੰ ਦਿਓ।

**ਮਕਾਨ-ਮਾਲਕ ਅਤੇ ਠੇਕੇਦਾਰਾਂ ਨੂੰ ਲੈੱਡ ਵਾਲੇ ਪੇਂਟ ਨੂੰ ਕਦੇ ਵੀ ਸੁੱਕਾ ਉਖਾੜਨਾ ਜਾਂ ਸੁੱਕਾ ਰੇਗਮਾਰ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ।**

## ਲੈੱਡ ਵਾਲੇ ਪੇਂਟ ਤੋਂ ਬੱਚਿਆਂ ਦੀ ਰੱਖਿਆ ਲਈ ਤੁਸੀਂ ਕੀ ਕਰ ਸਕਦੇ ਹੋ

- ਆਪਣੇ ਅਪਾਰਟਮੈਂਟ ਵਿੱਚ ਉਖੜ ਰਹੇ, ਦਰਾੜਾਂ ਵਾਲੇ ਜਾਂ ਢਿੱਲੇ ਪੇਂਟ ਦੀ ਆਪਣੇ ਮਕਾਨ ਮਾਲਕ ਨੂੰ ਰਿਪੋਰਟ ਕਰੋ। ਜੇ ਤੁਹਾਡਾ ਮਕਾਨ ਮਾਲਕ ਉਖੜ ਰਹੇ ਪੇਂਟ ਨੂੰ ਠੀਕ ਨਹੀਂ ਕਰਦਾ ਹੈ ਜਾਂ ਜੇ ਤੁਹਾਨੂੰ ਲੱਗਦਾ ਹੈ ਕਿ ਮੁਰੰਮਤ ਦਾ ਕੰਮ ਅਸੁਰੱਖਿਅਤ ਢੰਗ ਨਾਲ ਕੀਤਾ ਜਾ ਰਿਹਾ ਹੈ, ਤਾਂ ਮੁਫਤ ਜਾਂਚ ਦੀ ਬੇਨਤੀ ਕਰਨ ਲਈ 311 'ਤੇ ਕਾਲ ਕਰੋ।
- ਫਰਸ਼ਾਂ, ਖਿੜਕੀਆਂ ਦੀਆਂ ਚੁਗਾਠਾਂ, ਹੱਥਿਆਂ, ਖਿਡੌਣਿਆਂ ਅਤੇ ਚੁੰਘਣੀਆਂ ਨੂੰ ਅਕਸਰ ਧੋਵੋ।
- ਆਪਣੇ ਡਾਕਟਰ ਨੂੰ ਯਾਦ ਦਿਲਾਓ ਕਿ 1 ਸਾਲ ਅਤੇ 2 ਸਾਲ ਦੀ ਉਮਰ 'ਤੇ ਤੁਹਾਡੇ ਬੱਚੇ ਦੀ ਲੈੱਡ ਦੇ ਜ਼ਹਿਰ ਲਈ ਜਾਂਚ ਕਰਨੀ ਹੈ। ਡਾਕਟਰ ਨੂੰ ਵੱਡੇ ਬੱਚਿਆਂ ਦੀ ਜਾਂਚ ਕਰਨ ਬਾਰੇ ਪੁੱਛੋ। ਜੇ ਤੁਹਾਡੇ ਕੋਲ ਕੋਈ ਡਾਕਟਰ ਨਹੀਂ ਹੈ, ਤਾਂ ਇਹ ਪਤਾ ਕਰਨ ਲਈ 311 'ਤੇ ਫ਼ੋਨ ਕਰੋ ਕਿ ਤੁਹਾਡੇ ਬੱਚੇ ਦਾ ਟੈਸਟ ਕਿੱਥੇ ਕਰਾਉਣਾ ਹੈ।

## ਲੈੱਡ ਦੇ ਜ਼ਹਿਰੀਲੇਪਣ ਨੂੰ ਰੋਕਣ ਵਿੱਚ ਸਹਾਇਤਾ ਕਰੋ। ਨਿਮਨਲਿਖਤ ਲਈ 311 'ਤੇ ਕਾਲ ਕਰੋ:

- ਅਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਦੀ ਰਿਪੋਰਟ ਕਰੋ।
- ਇਸ ਬਾਰੇ ਹੋਰ ਜਾਣੋ ਕਿ ਲੈੱਡ ਦੇ ਜ਼ਹਿਰ ਨੂੰ ਕਿਵੇਂ ਰੋਕਣਾ ਹੈ।
- ਪੀਣ ਵਾਲੇ ਪਾਣੀ ਲਈ ਇੱਕ ਮੁਫਤ ਲੈੱਡ ਟੈਸਟ ਕਿੱਟ ਦਾ ਆਡਰ ਦਿਓ। ਪਾਣੀ ਦੇ ਨਮੂਨੇ ਜਮ੍ਹਾਂ ਕਰਵਾਉਣ ਦੇ 30 ਦਿਨਾਂ ਦੇ ਅੰਦਰ ਤੁਹਾਨੂੰ ਨਤੀਜੇ ਮਿਲ ਜਾਣਗੇ।
- ਪਤਾ ਲਗਾਓ ਕਿ ਤੁਹਾਡੇ ਬੱਚੇ ਦਾ ਲੈੱਡ ਦੇ ਜ਼ਹਿਰੀਲੇਪਣ ਦਾ ਟੈਸਟ ਅਤੇ ਇਲਾਜ ਕਿੱਥੇ ਕਰਵਾਉਣਾ ਹੈ।
- ਇਸ ਦਸਤਾਵੇਜ਼ ਜਾਂ ਲੈੱਡ ਦੇ ਜ਼ਹਿਰੀਲੇਪਣ ਦੀ ਰੋਕਥਾਮ ਬਾਰੇ ਹੋਰ ਸਮੱਗਰੀ ਦੀਆਂ ਹੋਰ ਨਕਲਾਂ ਮੰਗਵਾਓ।

ਬਹੁ-ਰਿਹਾਇਸ਼ੀ ਇਮਾਰਤਾਂ (ਤਿੰਨ ਜਾਂ ਵਧੇਰੇ ਅਪਾਰਟਮੈਂਟ) ਦੇ ਮਾਲਕਾਂ ਨੂੰ, ਜੇ ਇਮਾਰਤ 1960 ਤੋਂ ਪਹਿਲਾਂ ਬਣਾਈ ਗਈ ਸੀ (ਜਾਂ 1960 ਅਤੇ 1978 ਦੇ ਵਿਚਕਾਰ ਜੇ ਮਾਲਕ ਨੂੰ ਪਤਾ ਹੈ ਕਿ ਇਮਾਰਤ 'ਤੇ ਲੈੱਡ ਵਾਲਾ ਪੇਂਟ ਹੋਇਆ ਹੈ), ਕਿਰਾਏਦਾਰਾਂ ਵੱਲੋਂ ਲੀਜ਼ 'ਤੇ ਦਸਤਖਤ ਕਰਨ ਵੇਲੇ ਜਾਂ ਰਹਿਣ ਲਈ ਅਪਾਰਟਮੈਂਟ ਵਿੱਚ ਆਉਣ ਵੇਲੇ ਉਹਨਾਂ ਨੂੰ ਇਹ ਦਸਤਾਵੇਜ਼ ਜ਼ਰੂਰ ਦੇਣਾ ਚਾਹੀਦਾ ਹੈ। ਇਸ ਦਸਤਾਵੇਜ਼ ਵਿੱਚ ਮੁੱਢਲੀ ਕਾਨੂੰਨੀ ਜਾਣਕਾਰੀ ਸ਼ਾਮਲ ਹੈ ਅਤੇ ਇਹ ਸਿਰਫ ਸਹੂਲਤ ਲਈ ਹੀ ਪ੍ਰਦਾਨ ਕੀਤੀ ਗਈ ਹੈ। ਕਾਨੂੰਨਾਂ ਅਤੇ ਲਾਗੂ ਨਿਯਮਾਂ  ਦੀ ਕਾਪੀ ਲਈ, **nyc.gov/hpd** 'ਤੇ ਜਾਓ ਅਤੇ **"lead poisoning" (ਲੈੱਡ ਦੇ ਜ਼ਹਿਰੀਲੇਪਣ)** ਦੀ ਭਾਲ ਕਰੋ।

ਲੈੱਡ ਦੇ ਜ਼ਹਿਰੀਲੇਪਣ ਨੂੰ ਰੋਕਣ ਬਾਰੇ ਵਧੇਰੇ ਜਾਣਕਾਰੀ ਲਈ, **nyc.gov/leadfree** 'ਤੇ ਜਾਓ।

ਇਹ ਨਿਊ ਯਾਰਕ ਦੇ ਡਿਪਾਰਟਮੈਂਟ ਆਫ ਹੈਲਥ ਐਂਡ ਮੈਂਟਲ ਹਾਈਜੀਨ (Department of Health and Mental Hygiene) ਦੇ "ਘਰ ਵਿੱਚ ਲੈੱਡ ਪੇਂਟ ਦੇ ਖਤਰੇ (Lead Paint Hazards in the Home)" ਸਿਰਲੇਖ ਵਾਲੇ ਬਰੋਸ਼ਰ ਦਾ ਪ੍ਰਿੰਟਰ-ਅਨੁਕੂਲ ਰੂਪ ਹੈ।